Department of Education

GOVERNMENT OF WESTERN AUSTRALIA

# ਵੈਕਸਵਿਮ (VacSwim) ਦੇ ਅਕਤੂਬਰ ਦੇ ਪ੍ਰੋਗਰਾਮ

## ਤੱਥ ਸ਼ੀਟ

ਵੈਕਸਵਿਮ (VacSwim) ਅਕਤੂਬਰ ਵਿੱਚ ਅਤੇ ਗਰਮੀਆਂ ਦੀਆਂ ਸਕੂਲ ਦੀਆਂ ਛੁੱਟੀਆਂ ਦੌਰਾਨ ਮਜ਼ੇਦਾਰ ਤੈਰਾਕੀ ਦੀ ਸਿਖਲਾਈ ਦੀ ਪੇਸ਼ਕਸ਼ ਕਰਦਾ ਹੈ। ਇਸ ਦਾ ਉਦੇਸ਼ ਵੈਸਟਰਨ ਆਸਟ੍ਰੇਲੀਆ ਦੇ ਬੱਚਿਆਂ ਨੂੰ ਪਾਣੀ ਵਿੱਚ ਸੁਰੱਖਿਅਤ ਰਹਿਣ ਅਤੇ ਆਤਮਵਿਸ਼ਵਾਸੀ ਹੁਨਰ ਸਿਖਾਉਣਾ ਹੈ।

### ਕਿਸ ਨੂੰ ਦਾਖ਼ਲ ਕੀਤਾ ਜਾ ਸਕਦਾ ਹੈ?

ਤੈਰਾਕੀ ਦੇ 1 ਤੋਂ 16 ਤੱਕ ਸਾਰੇ ਪੜਾਵਾਂ ਵਿੱਚ 5 ਤੋਂ 17 ਸਾਲ ਦੀ ਉਮਰ ਦੇ ਬੱਚੇ।

ਕਿਸੇ ਵਿਸ਼ੇਸ਼ ਪੜਾਅ ਦੀ ਜਾਣਕਾਰੀ ਲਈ, ਸਾਡੀ ਵੈਬਸਾਈਟ ਵੇਖੋ।

### ਦਾਖ਼ਲੇ ਕਦੋਂ ਖੁੱਲ੍ਹਦੇ ਅਤੇ ਬੰਦ ਹੁੰਦੇ ਹਨ?

ਦਾਖ਼ਲੇ ਬੁੱਧਵਾਰ 17 ਜੁਲਾਈ 2024 ਨੂੰ ਖੁੱਲ੍ਹਣਗੇ।

ਦਾਖ਼ਲੇ ਬੁੱਧਵਾਰ 14 ਅਗਸਤ 2024 ਨੂੰ ਬੰਦ ਹੋ ਜਾਣਗੇ।

### ਦਾਖ਼ਲਾ ਕਿਵੇਂ ਲੈਣਾ ਹੈ?

ਦਾਖ਼ਲਾ ਲੈਣ ਦਾ ਸਭ ਤੋਂ ਸੌਖਾ ਤਰੀਕਾ ਸਾਡੀ ਵੈੱਬਸਾਈਟ 'ਤੇ ਔਨਲਾਈਨ ਹੈ।

ਤੁਸੀਂ ਦਾਖ਼ਲਾ ਫ਼ਾਰਮ ਵੀ ਡਾਊਨਲੋਡ ਕਰ ਸਕਦੇ ਹੋ। ਇਕ ਵਾਰ ਪੂਰਾ ਭਰਨ ਤੋਂ ਬਾਅਦ, ਇਸ ਨੂੰ ਪ੍ਰਿੰਟ ਕਰੋ ਅਤੇ ਦਾਖ਼ਲੇ ਦੀ ਅਖੀਰਲੀ ਤਰੀਕ ਤੱਕ ਸਾਨੂੰ ਡਾਕ ਰਾਹੀਂ ਭੇਜੋ। ਵੇਰਵੇ ਹੇਠਾਂ ਦਿੱਤੇ ਹਨ:

> ਵੈਕਸਵਿਮ (VacSwim)
> Department of Education (ਸਿੱਖਿਆ ਵਿਭਾਗ)
> ਰਾਜ ਵਿਆਪੀ ਸੇਵਾਵਾਂ ਕੇਂਦਰ
> 33 Giles Avenue (33 ਗਾਈਲਜ਼ ਐਵੇਨਿਊ)
> Padbury (ਪੇਡਬਰੀ) WA 6025

### ਅਕਤੂਬਰ ਦੇ ਪ੍ਰੋਗਰਾਮਾਂ ਦੀ ਲਾਗਤ ਕਿੰਨੀ ਹੈ?

| ਪ੍ਰੋਗਰਾਮ | ਇਕੱਲਾ ਬੱਚਾ | ਰਿਆਇਤ ਨਾਲ ਇਕੱਲਾ ਬੱਚਾ | ਪਰਿਵਾਰ* | ਰਿਆਇਤ ਨਾਲ ਪਰਿਵਾਰ* |
|---|---|---|---|---|
| **ਅਕਤੂਬਰ ਦੇ ਪ੍ਰੋਗਰਾਮ** | $32.00 | $20.50 | $85.50 | $57.00 |
| **ਅਕਤੂਬਰ ਦੇ ਛੋਟੇ ਪ੍ਰੋਗਰਾਮ** | $16.50 | $11.50 | $43.50 | $29.00 |

*ਪਰਿਵਾਰਕ ਦਾਖ਼ਲੇ ਵਿੱਚ ਇੱਕੋ ਪਤੇ 'ਤੇ ਰਹਿੰਦੇ 3 ਜਾਂ ਵਧੇਰੇ ਬੱਚੇ ਸ਼ਾਮਲ ਹੁੰਦੇ ਹਨ।

ਇਨ੍ਹਾਂ ਲਾਗਤਾਂ ਵਿੱਚ ਬੱਚਿਆਂ ਲਈ ਜਾਂ ਨਿਗਰਾਨੀ ਕਰਨ ਵਾਲੇ ਬਾਲਗਾਂ ਲਈ ਪੂਲ ਦੀ ਦਾਖ਼ਲਾ ਫ਼ੀਸ ਸ਼ਾਮਲ ਨਹੀਂ ਹੈ।



cc BY

## ਰਿਆਇਤ ਲਈ ਕੌਣ ਯੋਗ ਹੈ?

ਕੋਈ ਵੀ ਜਿਸ ਕੋਲ ਹੇਠ ਲਿਖੇ ਕਾਰਡ ਹਨ:

- ਕੰਪੈਨੀਅਨ ਕਾਰਡ
- ਕੌਮਨਵੈਲਥ ਸੀਨੀਅਰਜ਼ ਹੈਲਥ ਕਾਰਡ
- ਸਾਬਕਾ ਫੌਜੀਆਂ ਦੇ ਮਾਮਲਿਆਂ ਦਾ ਵਿਭਾਗ (ਗੋਲਡ, ਵ੍ਹਾਈਟ, ਔਰੈਂਜ)
- ਹੈਲਥ ਕੇਅਰ ਕਾਰਡ
- ਰਾਜ ਤੋਂ ਬਾਹਰ ਦਾ ਸੀਨੀਅਰਜ਼ ਕਾਰਡ
- ਪੈਨਸ਼ਨ ਵਾਲਾ ਰਿਆਇਤ ਕਾਰਡ
- ਰਾਜ ਦਾ ਰਿਆਇਤ ਕਾਰਡ
- WA ਸੀਨੀਅਰਜ਼ ਕਾਰਡ

## ਸਿਖਲਾਈਆਂ ਕਦੋਂ ਹੁੰਦੀਆਂ ਹਨ?

ਅਕਤੂਬਰ ਦਾ ਪ੍ਰੋਗਰਾਮ ਬੁੱਧਵਾਰ 25 ਸਤੰਬਰ ਤੋਂ ਸ਼ੁੱਕਰਵਾਰ 4 ਅਕਤੂਬਰ 2024 ਤੱਕ 8 ਦਿਨਾਂ ਲਈ ਚੱਲਦਾ ਹੈ।

ਅਕਤੂਬਰ ਦਾ ਛੋਟਾ ਪ੍ਰੋਗਰਾਮ ਸੋਮਵਾਰ 30 ਸਤੰਬਰ ਤੋਂ ਸ਼ੁੱਕਰਵਾਰ 4 ਅਕਤੂਬਰ 2024 ਤੱਕ 5 ਦਿਨਾਂ ਲਈ ਚੱਲਦਾ ਹੈ।

## ਸਿਖਲਾਈਆਂ ਕਿੰਨੇ ਵਜੇ ਹੁੰਦੀਆਂ ਹਨ?

ਅਕਤੂਬਰ ਦਾ ਪ੍ਰੋਗਰਾਮ ਜ਼ਿਆਦਾਤਰ ਸਥਾਨਾਂ ਵਿੱਚ ਸਵੇਰ ਵੇਲੇ ਚੱਲਦਾ ਹੈ।

ਅਕਤੂਬਰ ਦਾ ਛੋਟਾ ਪ੍ਰੋਗਰਾਮ ਦੁਪਹਿਰ ਨੂੰ ਚੱਲਦਾ ਹੈ, ਆਮ ਤੌਰ 'ਤੇ ਦੁਪਹਿਰ 12:25 ਵਜੇ ਤੋਂ 3:25 ਵਜੇ ਤੱਕ।

ਸਿਖਲਾਈ ਦੇ ਸਮੇਂ ਸਥਾਨ ਦੇ ਅਨੁਸਾਰ ਵੱਖੋ ਵੱਖਰੇ ਹੁੰਦੇ ਹਨ। ਵਧੇਰੇ ਜਾਣਕਾਰੀ ਲਈ ਸਾਡੀ ਵੈੱਬਸਾਈਟ ਵੇਖੋ।

## ਸਿਖਲਾਈਆਂ ਕਿੰਨੀਆਂ ਲੰਬੀਆਂ ਹੁੰਦੀਆਂ ਹਨ?

ਅਕਤੂਬਰ ਦੇ ਪ੍ਰੋਗਰਾਮ ਲਈ ਸਿਖਲਾਈਆਂ 45 ਮਿੰਟ ਦੀਆਂ ਹੁੰਦੀਆਂ ਹਨ।

ਅਕਤੂਬਰ ਦੇ ਛੋਟੇ ਪ੍ਰੋਗਰਾਮ ਲਈ ਸਿਖਲਾਈਆਂ 35 ਮਿੰਟ ਦੀਆਂ ਹੁੰਦੀਆਂ ਹਨ।

## ਮੈਂ ਵੈਕਸਵਿਮ (VacSwim) ਬਾਰੇ ਵਧੇਰੇ ਜਾਣਕਾਰੀ ਕਿਵੇਂ ਪ੍ਰਾਪਤ ਕਰਾਂ?

ਤੁਸੀਂ ਸਾਡੀ ਵੈੱਬਸਾਈਟ education.wa.edu.au/vacswim 'ਤੇ ਜਾ ਸਕਦੇ ਹੋ, ਸਾਨੂੰ vacswim@education.wa.edu.au 'ਤੇ ਈਮੇਲ ਕਰ ਸਕਦੇ ਹੋ ਜਾਂ (08) 9402 6412 'ਤੇ ਫ਼ੋਨ ਕਰ ਸਕਦੇ ਹੋ।


CC BY